Tel: 604.596.7733
www.surreyschools.ca

# ਵਿਦਿਆਰਥੀਆਂ ਦੀ ਐਕਸੀਡੈਂਟ ਇਨਸ਼ੋਰੈਂਸ

(Accident Insurance**)**

## ਕੀ ਤੁਹਾਨੂੰ ਪਤਾ ਹੈ...

*ਸਰੀ ਸਕੂਲ ਜ਼ਿਲ੍ਹੇ ਕੋਲ ਸਕੂਲ ਦੀਆਂ ਗਰਾਊਂਡਾਂ ਵਿੱਚ ਜਾਂ ਸਕੂਲ ਦੀਆਂ ਸਰਗਰਮੀਆਂ ਵਿੱਚ ਵਿਦਿਆਰਥੀਆਂ ਦੇ ਲੱਗੀਆਂ ਸੱਟਾਂ ਦੇ ਖਰਚਿਆਂ ਦੀ ਇਨਸ਼ੋਰੈਂਸ ਨਹੀਂ ਹੈ।*

*ਇਕ ਮਾਪੇ ਜਾਂ ਗਾਰਡੀਅਨ ਵੱਜੋਂ ਤੁਸੀਂ ਇਨ੍ਹਾਂ ਖਰਚਿਆਂ ਲਈ ਜ਼ਿੰਮੇਵਾਰ ਹੋ।*

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਸਕੂਲ ਵਿੱਚ ਲੱਗੀਆਂ ਸੱਟਾਂ ਲਈ ਇਨਸ਼ੋਰੈਂਸ ਕਰਾਉਣ ਬਾਰੇ ਸੋਚਣ। ਕਈ ਕੰਪਨੀਆਂ ਐਕਸੀਡੈਂਟ ਇਨਸ਼ੋਰੈਂਸ ਪ੍ਰਦਾਨ ਕਰਦੀਆਂ ਹਨ, ਅਤੇ ਤੁਸੀਂ ਅਜਿਹੀ ਪਲੈਨ ਦੀ ਚੋਣ ਕਰ ਸਕਦੇ ਹੋ ਜਿਹੜੀ ਤੁਹਾਡੇ ਪਰਿਵਾਰ ਦੀਆਂ ਨਿੱਜੀ ਲੋੜਾਂ ਦੀ ਪੂਰਤੀ ਕਰਦੀ ਹੋਵੇ।

ਸਰੀ ਸਕੂਲ ਜ਼ਿਲ੍ਹਾ ਅਤੇ ਤੁਹਾਡੇ ਜ਼ਿਲ੍ਹੇ ਦੀ ਪੇਰੈਂਟ ਐਡਵਾਈਜ਼ਰੀ ਕਾਊਂਸਲ ਓਲਡ ਰਿਪਬਲਿਕ ਇਨਸ਼ੋਰੈਂਸ ਕੰਪਨੀ ਆਫ ਕੈਨੇਡਾ ਦੇ "ਇਨਸ਼ੋਅਰ ਮਾਈ ਕਿਡਜ਼" ਪ੍ਰੋਗਰਾਮ ਰਾਹੀਂ ਪਰਿਵਾਰਾਂ ਨੂੰ ਆਪਣੀ ਮਰਜ਼ੀ ਨਾਲ ਨਿੱਜੀ ਐਕਸੀਡੈਂਟ ਇਨਸ਼ੋਰੈਂਸ ਖ਼ੀਦਣ ਦੀ ਚੋਣ ਦਿੰਦੇ ਹਨ।

ਇਨਸ਼ੋਅਰ ਮਾਈ ਕਿਡਜ਼ ਐਕਸੀਡੈਂਟ ਇਨਸ਼ੋਰੈਂਸ ਅਣਚਿਤਵੇ ਐਕਸੀਡੈਂਟਾਂ ਕਾਰਨ ਲੱਗਣ ਵਾਲੀਆਂ ਗੰਭੀਰ ਸੱਟਾਂ ਦੇ ਸੰਭਾਵੀ ਜ਼ਿਆਦਾ ਖਰਚਿਆਂ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਅਤੇ ਖਾਸ ਤੌਰ 'ਤੇ ਅੱਗੇ ਦੱਸੇ ਪਰਿਵਾਰਾਂ ਲਈ ਬਹੁਤ ਬਹੁਮੁੱਲੀ ਹੈ:

- ਜਿਨ੍ਹਾਂ ਕੋਲ ਮੈਡੀਕਲ ਜਾਂ ਡੈਂਟਲ ਪਲੈਨ ਨਹੀਂ ਹੈ,
- ਜਿਨ੍ਹਾਂ ਕੋਲ ਸੀਮਤ ਪਲੈਨਾਂ ਹਨ, ਅਤੇ ਇਹ ਹੈਲਥ ਅਤੇ ਦੰਦਾਂ ਦੇ ਫਾਇਦਿਆਂ (ਬੈਨੇਫਿਟਸ) ਵਿੱਚ ਵਾਧਾ ਕਰਨ ਵਿੱਚ ਮਦਦ ਕਰ ਸਕਦੀ ਹੈ, ਜਾਂ
- ਜਿਨ੍ਹਾਂ ਦੇ ਬੱਚੇ ਸਰਗਰਮ ਹਨ ਅਤੇ ਖੇਡਾਂ ਅਤੇ ਬਾਹਰ ਦੀਆਂ ਸਰਗਰਮੀਆਂ ਪਸੰਦ ਕਰਦੇ ਹਨ।

## ਐਕਸੀਡੈਂਟ ਹੋ ਸਕਦੇ ਹਨ, ਅਤੇ ਹੁੰਦੇ ਹਨ

ਇਨਸ਼ੋਅਰ ਮਾਈ ਕਿਡਜ਼ ਇਨਸ਼ੋਰੈਂਸ ਕੋਲ ਵੱਖ ਵੱਖ ਤਰ੍ਹਾਂ ਦੇ ਬੱਜਟਾਂ ਨਾਲ ਮੇਲ ਖਾਂਦੀਆਂ ਕਈ ਪਲੈਨਾਂ ਹਨ। ਫਾਇਦਿਆਂ ਵਿੱਚ ਅੱਗੇ ਦੱਸੀਆਂ ਚੀਜ਼ਾਂ ਲਈ ਕਵਰੇਜ ਸ਼ਾਮਲ ਹੈ:

- ਪੂਰੇ ਸਾਲ ਲਈ (ਸਤੰਬਰ ਤੋਂ ਸਤੰਬਰ), ਦਿਨ ਦੇ 24ਘੰਟੇ, ਸਕੂਲ ਵਿੱਚ ਜਾਂ ਘਰ ਵਿੱਚ;
- ਐਂਬੂਲੈਂਸ, ਫਿਜ਼ੀਓਥੈਰੇਪੀ, ਪ੍ਰਾਈਵੇਟ ਟਿਊਟਰਿੰਗ, ਕਾਊਂਸਲਿੰਗ ਅਤੇ ਕਈ ਹੋਰ ਚੀਜ਼ਾਂ ਲਈ ਖਰਚੇ, ਜਿਹੜੇ ਪ੍ਰਾਈਵੇਟ ਜਾਂ ਗਰੁੱਪ ਇਨਸ਼ੋਰੈਂਸ ਪਲੈਨਾਂ ਜਾਂ ਸੂਬੇ ਦੀ ਹੈਲਥ ਪਲੈਨ ਵਿੱਚ ਇਕ ਸੀਮਤ ਹੱਦ ਤੱਕ ਕਵਰ ਕੀਤੇ ਜਾਂਦੇ ਹਨ ਜਾਂ ਕਵਰ ਹੀ ਨਹੀਂ ਕੀਤੇ ਜਾਂਦੇ;
- ਸੱਟ ਨਾਲ ਸੰਬੰਧਿਤ ਦੰਦਾਂ ਦਾ ਇਲਾਜ;
- ਸੂਬੇ ਜਾਂ ਦੇਸ਼ ਤੋਂ ਬਾਹਰ ਐਮਰਜੰਸੀ ਮੈਡੀਕਲ ਖਰਚੇ।

ਜੇ ਤੁਸੀਂ ਸਕੂਲ ਸਾਲ ਵਿੱਚ ਆਪਣਾ ਪਤਾ ਬਦਲ ਲੈਂਦੇ ਹੋ, ਤਾਂ ਤੁਹਾਡੀ ਇਨਸ਼ੋਅਰ ਮਾਈ ਕਿਡਜ਼ ਐਕਸੀਡੈਂਟ ਇਨਸ਼ੋਰੈਂਸ ਪਲੈਨ ਕੈਨੇਡਾ ਭਰ ਵਿੱਚ ਇਕ ਸਕੂਲ ਤੋਂ ਦੂਜੇ ਸਕੂਲ ਲਈ ਤਬਦੀਲ ਕੀਤੀ ਜਾ ਸਕਦੀ ਹੈ।

ਤੁਹਾਡੇ ਵੱਲੋਂ ਚੁਣੀ ਪਲੈਨ ਦੇ ਆਧਾਰ 'ਤੇ ਇਨਸ਼ੋਰੈਂਸ ਦੇ ਪ੍ਰੀਮੀਅਮ ਇਕ ਸਾਲ ਲਈ 17.00 ਡਾਲਰ ਤੋਂ 33.00 ਡਾਲਰ ਦੇ ਵਿੱਚਕਾਰ ਹਨ, ਅਤੇ ਤੁਹਾਡੇ ਬੱਚੇ ਨੂੰ ਸਾਰੇ ਸਮੇਂ ਲਈ, ਸਿਰਫ ਸਕੂਲ ਹੋਣ ਵਕਤ ਹੀ ਨਹੀਂ, ਕਵਰੇਜ ਮਿਲਦੀ ਹੈ। ਤਿੰਨ ਜਾਂ ਜ਼ਿਆਦੇ ਬੱਚਿਆਂ ਵਾਲੇ ਪਰਿਵਾਰਾਂ ਲਈ ਪ੍ਰੀਮੀਅਮ ਵਿੱਚ ਛੋਟ (ਡਿਸਕਾਊਂਟ) ਮਿਲਦੀ ਹੈ।

ਇਨਸ਼ੋਰੈਂਸ ਦਾ ਇਕਰਾਰਨਾਮਾ (ਐਗਰੀਮੈਂਟ) ਤੁਹਾਡੇ ਅਤੇ ਓਲਡ ਰਿਪਬਲਿਕ ਕੈਨੇਡਾ ਦੇ ਵਿਚਕਾਰ ਹੋਵੇਗਾ ਅਤੇ ਇਨਸ਼ੋਅਰ ਮਾਈ ਕਿਡਜ਼ ਉਸ ਤਰੀਕ ਤੋਂ ਲਾਗੂ ਹੋ ਜਾਂਦੀ ਹੈ ਜਿਸ ਦਿਨ ਇਨਸ਼ੋਰੈਂਸ ਕੈਰੀਅਰ ਨੂੰ ਅਰਜ਼ੀ ਅਤੇ ਪੈਸੇ ਮਿਲਦੇ ਹਨ।

*ਕਿਰਪਾ ਕਰਕੇ ਹੋਰ ਜਾਣਕਾਰੀ ਲਈ ਜਾਂ ਆਨਲਾਈਨ ਅਰਜ਼ੀ ਕਰਨ ਲਈ ਜਾਓ*
***www.insuremykids.com**,*
*ਜਾਂ ਓਲਡ ਰਿਪਬਲਿਕ ਇਨਸ਼ੋਰੈਂਸ ਕੰਪਨੀ ਆਫ ਕੈਨੇਡਾ ਦੀ ਕਸਟਮਰ ਸਰਵਿਸ ਦੇ ਨੁਮਾਇੰਦੇ ਨਾਲ 1-800-463-5437 'ਤੇ ਗੱਲ ਕਰੋ।*